# ਦਫ਼ਤਰ ਜ਼ਿਲ੍ਹਾ ਪ੍ਰੀਸ਼ਦ, ਮਾਨਸਾ

ਵੱਲ:

ਸਮੂਹ ਰੂਰਲ ਮੈਡੀਕਲ ਅਫਸਰਜ਼,
ਸਬਸਿਡਰੀ ਹੈਲਥ ਸੈਂਟਰ (ਅਧੀਨ ਜਿਲ੍ਹਾ ਪ੍ਰੀਸ਼ਦ),
ਜਿਲ੍ਹਾ ਮਾਨਸਾ।

ਨੰ: ਜਪਮ/ 10558 ਮਿਤੀ 20/1/14

ਵਿਸ਼ਾ: <u>ਰੂਰਲ ਮੈਡੀਕਲ ਅਫਸਰਾਂ ਦੀ ਸੀਨੀਆਰਤਾ ਸੂਚੀ ਤਿਆਰ ਕਰਨ ਬਾਰੇ।</u>

ਇਸ ਪੱਤਰ ਨਾਲ ਆਪ ਨੂੰ ਜਿਲ੍ਹਾ ਪ੍ਰੀਸ਼ਦ ਅਧੀਨ ਸਬਸਿਡਰੀ ਹੈਲਥ ਸੈਂਟਰਾਂ ਵਿੱਚ ਤੈਨਾਤ ਰੂਰਲ ਮੈਡੀਕਲ ਅਫਸਰਾਂ ਦੀ ਤਿਆਰ ਕੀਤੀ ਗਈ ਟੈਂਟੇਟਿਵ ਸੀਨੀਆਰਤਾ ਸੂਚੀ ਜੋ ਕਿ ਨਾਲ ਨੱਥੀ ਹੈ। ਇਹ ਸੂਚੀ ਮਿਤੀ 1-5-2011 ਨੂੰ ਰੈਗੂਲਰ ਹੋਏ ਰੂਰਲ ਮੈਡੀਕਲ ਅਫਸਰਾਂ ਦੀ, ਯੋਗਤਾ ਐਮ.ਬੀ.ਬੀ.ਐਸ. ਦੀ ਮੈਰਿਟ ਦੇ ਅਧਾਰ ਤੇ ਕਾਮਨ ਕੰਡੀਸ਼ਨ ਰੂਲ 1994 ਦੇ ਅਨੁਸਾਰ ਤਿਆਰ ਕੀਤੀ ਗਈ ਹੈ, ਇਹ ਸੀਨੀਆਰਤਾ ਸੂਚੀ ਆਪ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਸੂਚੀ ਤੇ ਜੇਕਰ ਆਪ ਨੂੰ ਕੋਈ ਇਤਰਾਜ਼ ਹੈ ਤਾਂ ਇਸ ਸੂਚੀ ਤੇ ਪੱਤਰ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ ਅੰਦਰ ਆਪਣੇ ਇਤਰਾਜ ਲਿਖਤੀ ਰੂਪ ਵਿਚ ਦਫ਼ਤਰ ਜ਼ਿਲ੍ਹਾ ਪ੍ਰੀਸ਼ਦ, ਮਾਨਸਾ ਵਿਖੇ ਦੇ ਸਕਦੇ ਹੈ। ਜੇਕਰ ਇਸ ਮਿਤੀ ਤੱਕ ਇਹ ਇਤਰਾਜ ਪ੍ਰਾਪਤ ਨਾ ਹੋਏ ਤਾਂ ਇਹ ਸੂਚੀ ਨੂੰ ਅੰਤਿਮ ਰੂਪ ਦੇ ਦਿੱਤਾ ਜਾਵੇਗਾ ਅਤੇ ਨਿਰਧਾਰਿਤ ਮਿਤੀ ਤੋ ਬਾਅਦ ਕੋਈ ਵੀ ਇਤਰਾਜ ਸੁਣਿਆ ਨਹੀ ਜਾਵੇਗਾ।

(Sd/-) 20/1/14
ਮੁੱਖ ਕਾਰਜਕਾਰੀ ਅਫਸਰ,
ਜਿਲ੍ਹਾ ਪ੍ਰੀਸਦ, ਮਾਨਸਾ।

ਪਿੱਠ ਅੰਕਣ ਨੰ: 10559 ਮਿਤੀ 20/1/14

ਇਸ ਦਾ ਇਕ ਉਤਾਰਾ :- ਡਾਇਰੈਕਟਰ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਪੰਜਾਬ ਮੋਹਾਲੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਰੂਰਲ ਮੈਡੀਕਲ ਅਫਸਰਾਂ ਦੀ ਸੀਨੀਆਰਤਾ ਸੂਚੀ ਯੋਗਤਾ ਐਮ.ਬੀ.ਬੀ.ਐਸ. ਦੀ ਮੈਰਿਟ ਦੇ ਅਧਾਰ ਤੇ ਤਿਆਰ ਕੀਤੀ ਗਈ ਹੈ ਕਿਉਂਕਿ ਰੂਰਲ ਮੈਡੀਕਲ ਅਫਸਰ ਪਹਿਲਾਂ ਕੰਟਰੈਕਟ ਬੇਸਿਸ ਤੇ ਕੰਮ ਕਰਦੇ ਸਨ ਅਤੇ ਸਾਰੇ ਕਰਮਚਾਰੀ ਇੱਕੋ ਮਿਤੀ 1-5-2011 ਨੂੰ ਹੀ ਰੈਗੂਲਰ ਹੋਏ ਹਨ। ਇਸ ਸਬੰਧੀ ਇਹਨਾਂ ਕਰਮਚਾਰੀਆਂ ਦੀ ਸੀਨੀਆਰਤਾ ਸੂਚੀ ਤਿਆਰ ਕਰਨ ਸਬੰਧੀ ਜੇਕਰ ਕੋਈ ਹੋਰ ਹਦਾਇਤਾਂ ਹਨ ਤਾਂ ਇਸ ਦਫ਼ਤਰ ਨੂੰ ਰਹਿਬਰੀ ਦੇਣ ਦੀ ਖੇਚਲਾ ਕੀਤੀ ਜਾਵੇ ਤਾਂ ਜੋ ਇਹ ਸੂਚੀ ਆਪ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਤਿਆਰ ਕਰਕੇ ਸੀਨੀਆਰਤਾ ਸੂਚੀ ਨੂੰ ਅੰਤਿਮ ਰੂਪ ਦਿੱਤਾ ਜਾ ਸਕੇ।

(Sd/-) 20/1/14
ਮੁੱਖ ਕਾਰਜਕਾਰੀ ਅਫਸਰ,
ਜ਼ਿਲ੍ਹਾ ਪ੍ਰੀਸ਼ਦ, ਮਾਨਸਾ।